NYC Consumer Affairs
Bill de Blasio
Mayor
Lorelei Salas
Commissioner

# ਕਰਮਚਾਰੀ ਅਧਿਕਾਰਾਂ ਸੰਬੰਧੀ ਸੂਚਨਾ
## ਦਾਈਆਂ, ਘਰ ਦੀ ਸਫਾਈ ਕਰਨ ਵਾਲੇ, ਅਤੇ ਹੋਰ ਘਰੇਲੂ ਨੌਕਰਾਂ ਦੇ ਲਈ

ਨਿਊ ਯਾਰਕ ਸ਼ਹਿਰ ਦੇ Earned Safe and Sick Time Act (Paid Safe and Sick Leave Law) [ਅਰਨਡ ਸੇਫ ਐਂਡ ਸਿੱਕ ਟਾਈਮ ਐਕਟ (ਪੇਡ ਸੇਫ ਐਂਡ ਸਿੱਕ ਲੀਵ ਕਾਨੂੰਨ)] ਦੇ ਤਹਿਤ, ਘਰੇਲੂ ਨੌਕਰਾਂ ਕੋਲ ਸੁਰੱਖਿਆ ਅਤੇ ਬਿਮਾਰੀ ਕਾਰਨ ਛੁੱਟੀ ਲੈਣ ਦਾ ਅਧਿਕਾਰ ਹੈ। ਇਸ ਕਾਨੂੰਨ ਬਾਰੇ ਵਧੇਰੀ ਜਾਣਕਾਰੀ ਲਈ nyc.gov/PaidSickLeave ਉੱਤੇ ਜਾਓ।

**ਘਰੇਲੂ ਨੌਕਰੀ ਦੇਣ ਵਾਲੇ ਵਿਅਕਤੀਆਂ ਲਈ ਸਿੱਧੇ ਤੌਰ ਤੇ ਕੰਮ ਕਰਨ ਵਾਲੇ ਘਰੇਲੂ ਨੌਕਰਾਂ ਨੂੰ ਨੌਕਰੀ ਸ਼ੁਰੂ ਕਰਨ ਦੇ ਸਮੇਂ ਤਕ ਜਾਂ 4 ਜੂਨ, 2018 ਤਕ, ਜੋ ਵੀ ਬਾਅਦ ਵਿੱਚ ਆਉਂਦਾ ਹੈ, ਆਪਣੇ ਨੌਕਰੀ ਦੇਣ ਵਾਲੇ ਤੋਂ ਹੇਠਲੀ ਸੂਚਨਾ ਲਿਖਤ ਵਿੱਚ ਹਾਸਿਲ ਕਰਨੀ ਚਾਹੀਦੀ ਹੈ।**

## ਤੁਹਾਡੇ ਕੋਲ ਸੁਰੱਖਿਅਤ ਛੁੱਟੀ ਦਾ ਅਧਿਕਾਰ ਹੁੰਦਾ ਹੈ, ਜਿਸਨੂੰ ਤੁਸੀਂ ਉਸ ਸਮੇਂ ਸਹਾਇਤਾ ਹਾਸਿਲ ਕਰਨ ਲਈ ਜਾਂ ਸੁਰੱਖਿਆ ਦੇ ਮਾਪਾਂ ਲਈ ਇਸਤੇਮਾਲ ਕਰ ਸਕਦੇ ਹੋ ਜਦੋਂ ਤੁਸੀਂ ਜਾਂ ਤੁਹਾਡਾ ਕੋਈ ਪਰਿਵਾਰਕ ਸਦੱਸ ਕਿਸੇ ਘਰੇਲੂ ਹਿੰਸਾ ਜਾਂ ਅਣਚਾਹੇ ਜਿਨਸੀ ਸੰਪਰਕ, ਗੁੱਸੇ, ਜਾਂ ਮਨੁੱਖੀ ਤਸਕਰੀ ਦੀ ਕਿਸੇ ਗਤੀਵਿਧੀ ਜਾਂ ਖ਼ਤਰੇ ਦਾ ਸ਼ਿਕਾਰ ਹੁੰਦਾ ਹੈ।

## ਤੁਹਾਡੇ ਕੋਲ ਬਿਮਾਰੀ ਲਈ ਛੁੱਟੀ ਲੈਣ ਦਾ ਅਧਿਕਾਰ ਹੈ, ਜਿਸਨੂੰ ਤੁਸੀਂ ਆਪਣੀ ਜਾਂ ਆਪਣੇ ਕਿਸੇ ਪਰਿਵਾਰਕ ਸਦੱਸ ਦੀ ਦੇਖਭਾਲ ਜਾਂ ਇਲਾਜ ਲਈ ਇਸਤੇਮਾਲ ਕਰ ਸਕਦੇ ਹੋ।

### ਕਾਨੂੰਨ ਦੁਆਰਾ ਸ਼ਾਮਿਲ ਕੀਤੇ/ਸ਼ਾਮਿਲ ਨਾ ਕੀਤੇ ਘਰੇਲੂ ਨੌਕਰ:

| ਸ਼ਾਮਿਲ ਕੀਤੇ | ਸ਼ਾਮਿਲ ਨਾ ਕੀਤੇ |
|---|---|
| ਤੁਸੀਂ ਕਾਨੂੰਨ ਦੁਆਰਾ ਸ਼ਾਮਿਲ ਕੀਤੇ ਇੱਕ ਘਰੇਲੂ ਨੌਕਰ ਹੋ ਜੇਕਰ ਤੁਹਾਨੂੰ ਕਿਸੇ ਘਰ ਜਾਂ ਪਰਿਵਾਰ ਦੁਆਰਾ ਸਿੱਧੇ ਤੌਰ ਤੇ ਨੌਕਰੀ ਉੱਤੇ ਰੱਖਿਆ ਗਿਆ ਹੈ ਅਤੇ ਤੁਸੀ:<br>• ਬੱਚਿਆਂ ਦੀ ਦੇਖਭਾਲ ਕਰਦੇ ਹੋ<br>• ਕਿਸੇ ਬਜ਼ੁਰਗ, ਬਿਮਾਰ, ਅਪੰਗ, ਜਾਂ ਇਲਾਜ ਪ੍ਰਾਪਤ ਕਰਨ ਵਾਲੇ ਵਿਅਕਤੀ ਦੀ ਦੇਖਭਾਲ ਕਰਦੇ ਹੋ<br>• ਖਾਣਾ ਪਕਾਉਣ ਅਤੇ ਸਫਾਈ ਕਰਨ ਵਰਗੇ ਘਰੇਲੂ ਕੰਮ ਕਰਦੇ ਹੋ | ਜੇ ਤੁਸੀਂ ਕਿਸੇ ਘਰ ਲਈ ਪਹਿਲੇ ਖਾਨੇ ਵਿੱਚ ਲਿਖੇ ਕੰਮ ਕਿਸੇ ਏਜੰਸੀ ਰਾਹੀਂ ਕਰ ਰਹੇ ਹੋ ਤਾਂ ਤੁਹਾਨੂੰ ਕਾਨੂੰਨ ਦੇ ਤਹਿਤ ਇਕ "ਘਰੇਲੂ ਨੌਕਰ" ਨਹੀਂ ਮੰਨਿਆ ਜਾਂਦਾ, ਅਤੇ ਇਸ ਲਈ, ਤੁਸੀ ਇਸ ਸ਼੍ਰੇਣੀ ਵਿੱਚ ਸ਼ਾਮਿਲ ਨਹੀਂ ਹੋ।<br>ਏਜੰਸੀਆਂ ਦੁਆਰਾ ਰੱਖੇ ਗਏ ਨੌਕਰਾਂ ਨੂੰ ਕਾਨੂੰਨ ਦੇ ਤਹਿਤ ਆਉਣ ਵਾਲੇ ਕਰਮਚਾਰੀਆਂ ਦੇ ਤੌਰ ਤੇ 40 ਘੰਟੇ ਤੱਕ ਦੀ ਸੁਰੱਖਿਆ ਅਤੇ ਬਿਮਾਰੀ ਲਈ ਅਦਾਇਗੀਸ਼ੁਦਾ ਛੁੱਟੀ ਮਿਲ ਸਕਦੀ ਹੈ। ਕਾਨੂੰਨ ਤਹਿਤ ਆਉਣ ਵਾਲੇ ਕਰਮਚਾਰੀਆਂ ਬਾਰੇ ਹੋਰ ਜਾਣਕਾਰੀ ਲਈ nyc.gov/PaidSickLeave ਉੱਤੇ ਜਾਓ। ਨਿਊ ਯਾਰਕ ਸਟੇਟ ਦੇ ਕਾਨੂੰਨਾਂ ਦੇ ਉਦੇਸ਼ਾਂ ਮੁਤਾਬਿਕ ਤੁਹਾਨੂੰ ਸ਼ਾਇਦ ਇੱਕ "ਘਰੇਲੂ ਨੌਕਰ" ਮੰਨਿਆ ਜਾ ਸਕਦਾ ਹੈ ਅਤੇ ਤੁਹਾਨੂੰ ਸ਼ਾਇਦ ਵਾਧੂ ਸੁਰੱਖਿਆ ਪ੍ਰਦਾਨ ਕੀਤੀ ਜਾ ਸਕਦੀ ਹੈ। |

### ਸੁਰੱਖਿਆ ਅਤੇ ਬਿਮਾਰੀ ਸੰਬੰਧੀ ਛੁੱਟੀ ਦੀ ਮਾਤਰਾ:

- ਨੌਕਰੀ ਸ਼ੁਰੂ ਕਰਨ ਤੋਂ ਇੱਕ ਸਾਲ ਬਾਅਦ, ਤੁਹਾਨੂੰ ਨੌਕਰੀ ਦੇਣ ਵਾਲੇ ਨੂੰ ਹਰ ਸਾਲ ਅਦਾਇਗੀਸ਼ੁਦਾ ਸੁਰੱਖਿਆ ਅਤੇ ਬਿਮਾਰੀ ਲਈ ਦੋ ਦਿਨ ਦੀ ਛੁੱਟੀ ਦੇਣੀ ਪਵੇਗੀ। ਸ਼ਹਿਰੀ ਛੁੱਟੀ ਤਿੰਨ ਦਿਨ ਦੀ ਅਦਾਇਗੀਸ਼ੁਦਾ ਆਰਾਮ ਲਈ ਮਿਲਦੀ ਛੁੱਟੀ ਤੋਂ ਇਲਾਵਾ ਹੈ ਜਿਹੜੀ ਕੇ ਤੁਹਾਨੂੰ ਨਿਊ ਯਾਰਕ ਸਟੇਟ ਦੇ ਕਾਨੂੰਨ ਦੇ ਤਹਿਤ ਸ਼ਾਇਦ ਮਿਲ ਸਕਦੀ ਹੈ। ਸਟੇਟ ਦੇ ਕਾਨੂੰਨ ਦੇ ਤਹਿਤ ਤੁਹਾਡੇ ਅਧਿਕਾਰਾਂ ਬਾਰੇ ਵਧੇਰੀ ਜਾਣਕਾਰੀ ਲਈ labor.ny.gov ਉੱਤੇ ਜਾਓ ਅਤੇ "Domestic Workers' Bill of Rights" ਦੀ ਖੋਜ ਕਰੋ।

### ਸੁਰੱਖਿਆ ਅਤੇ ਬਿਮਾਰੀ ਸੰਬੰਧੀ ਛੁੱਟੀ ਨੂੰ ਇਸਤੇਮਾਲ ਕੀਤੇ ਜਾਣ ਦੀ ਉਪਲਬਧਤਾ ਦੀ ਤਾਰੀਖ਼:

- ਤੁਸੀ 1 ਅਪ੍ਰੈਲ, 2015 ਤੋਂ ਜਾਂ ਨੌਕਰੀ ਸ਼ੁਰੂ ਕਰਨ ਤੋਂ ਇੱਕ ਸਾਲ ਬਾਅਦ, ਜੋ ਵੀ ਬਾਅਦ ਵਿੱਚ ਆਉਂਦਾ ਹੈ, ਬਿਮਾਰੀ ਲਈ ਛੁੱਟੀ ਲੈਣੀ ਸ਼ੁਰੂ ਕਰ ਸਕਦੇ ਹੋ।
- ਤੁਸੀ 5 ਮਈ, 2018 ਤੋਂ ਜਾਂ ਨੌਕਰੀ ਸ਼ੁਰੂ ਕਰਨ ਤੋਂ ਇੱਕ ਸਾਲ ਬਾਅਦ, ਜੋ ਵੀ ਬਾਅਦ ਵਿੱਚ ਆਉਂਦਾ ਹੈ, ਸੁਰੱਖਿਆ ਲਈ ਛੁੱਟੀ ਲੈਣੀ ਸ਼ੁਰੂ ਕਰ ਸਕਦੇ ਹੋ।

### ਸੁਰੱਖਿਆ ਅਤੇ ਬਿਮਾਰੀ ਸੰਬੰਧੀ ਛੁੱਟੀ ਨੂੰ ਇਸਤੇਮਾਲ ਕਰਨ ਲਈ ਸਵੀਕਾਰ ਕਰਨ ਯੋਗ ਕਾਰਨ:

ਤੁਸੀਂ ਸੁਰੱਖਿਆ ਅਤੇ ਬਿਮਾਰੀ ਸੰਬੰਧੀ ਛੁੱਟੀ ਨੂੰ ਕੰਮ ਤੋਂ ਛੁੱਟੀ ਲੈਣ ਲਈ ਇਸਤੇਮਾਲ ਕਰ ਸਕਦੇ ਹੋ ਜਦੋਂ:

- ਤੁਸੀਂ ਮਾਨਸਿਕ ਜਾਂ ਸ਼ਰੀਰਕ ਤੌਰ ਤੇ ਬੀਮਾਰ ਹੋ, ਜਾਂ ਤੁਹਾਨੂੰ ਸਿਹਤ ਸੰਬੰਧੀ ਕੋਈ ਸਮੱਸਿਆ ਹੈ; ਤੁਹਾਡੀ ਮਾਨਸਿਕ ਜਾਂ ਸ਼ਰੀਰਕ ਬਿਮਾਰੀ, ਸੱਟ, ਜਾਂ ਹਾਲਤ ਲਈ ਤੁਹਾਨੂੰ ਇੱਕ ਡਾਕਟਰੀ ਨਿਦਾਨ, ਦੇਖਭਾਲ ਜਾਂ ਇਲਾਜ ਦੀ ਲੋੜ ਹੁੰਦੀ ਹੈ; ਤੁਹਾਨੂੰ ਰੋਕਥਾਮ ਯੁਕਤ ਡਾਕਟਰੀ ਦੇਖਭਾਲ ਦੀ ਲੋੜ ਹੈ।
- ਤੁਹਾਨੂੰ ਕਿਸੇ ਪਰਿਵਾਰਕ ਸਦੱਸ ਦੀ ਦੇਖਭਾਲ ਕਰਨ ਦੀ ਲੋੜ ਹੈ ਜਿਸਨੂੰ ਕਿਸੇ ਮਾਨਸਿਕ ਜਾਂ ਸ਼ਰੀਰਕ ਬਿਮਾਰੀ, ਸੱਟ, ਜਾਂ ਹਾਲਤ ਲਈ ਇੱਕ ਡਾਕਟਰੀ ਨਿਦਾਨ, ਦੇਖਭਾਲ ਜਾਂ ਇਲਾਜ ਦੀ ਲੋੜ ਹੈ; ਜਾਂ ਰੋਕਥਾਮ ਯੁਕਤ ਡਾਕਟਰੀ ਦੇਖਭਾਲ ਦੀ ਲੋੜ ਹੈ।
- ਕਿਸੇ ਜਨਤਕ ਸਿਹਤ ਆਪਾਤਕਾਲ ਕਰਕੇ ਤੁਹਾਡੇ ਮਾਲਿਕ ਦਾ ਕਾਰੋਬਾਰ ਬੰਦ ਹੋ ਗਿਆ ਹੈ ਜਾਂ ਤੁਹਾਨੂੰ ਕਿਸੇ ਅਜਿਹੇ ਬੱਚੇ ਦੀ ਦੇਖਭਾਲ ਕਰਨ ਦੀ ਲੋੜ ਹੈ ਜਿਸਦਾ ਸਕੂਲ ਜਾਂ ਸ਼ਿਸ਼ੂ ਦੇਖਭਾਲ ਪ੍ਰਦਾਤਾ ਕਿਸੇ ਜਨਤਕ ਸਿਹਤ ਆਪਾਤਕਾਲ ਕਰਕੇ ਬੰਦ ਹੋ ਗਿਆ ਹੈ।
- ਤੁਸੀਂ ਜਾਂ ਤੁਹਾਡਾ ਕੋਈ ਪਰਿਵਾਰਕ ਸਦੱਸ ਕਿਸੇ ਘਰੇਲੂ ਹਿੰਸਾ ਜਾਂ ਅਣਚਾਹੇ ਜਿਨਸੀ ਸੰਪਰਕ, ਗੁੱਸੇ, ਜਾਂ ਮਨੁੱਖੀ ਤਸਕਰੀ ਦੀ ਕਿਸੇ ਗਤੀਵਿਧੀ ਜਾਂ ਖ਼ਤਰੇ ਦਾ ਸ਼ਿਕਾਰ ਹੈ ਅਤੇ ਤੁਹਾਨੂੰ ਤੁਹਾਡੇ ਜਾਂ ਆਪਣੇ ਕਿਸੇ ਪਰਿਵਾਰਕ ਸਦੱਸ ਦੀ ਸ਼ਰੀਰਕ, ਮਾਨਸਿਕ ਜਾਂ ਆਰਥਿਕ ਹਾਲਤ ਜਾਂ ਸੁਰੱਖਿਆ ਨੂੰ ਸੁਧਾਰਨ ਲਈ ਜ਼ਰੂਰੀ ਕਦਮ ਚੁੱਕਣ ਦੀ ਲੋੜ ਹੈ ਜਾਂ ਤੁਹਾਡੇ ਨਾਲ ਕੰਮ ਕਰਨ ਵਾਲਿਆਂ ਦੀ ਸੁਰੱਖਿਆ ਕਰਨ ਦੀ ਲੋੜ ਹੈ ਜਿਸ ਵਿੱਚ ਸ਼ਾਮਿਲ ਹੈ:
    - ਕਿਸੇ ਘਰੇਲੂ ਹਿੰਸਾ ਤੋਂ ਬਚਣ ਲਈ ਸ਼ਰਣ, ਬਲਾਤਕਾਰ ਦੇ ਸੰਕਟ ਨੂੰ ਦੂਰ ਕਰਨ ਵਾਲਾ ਕੇਂਦਰ, ਜਾਂ ਹੋਰ ਸੇਵਾਵਾਂ ਪ੍ਰੋਗ੍ਰਾਮ ਤੋਂ ਸੇਵਾ ਪ੍ਰਦਾਨ ਕਰਨਾ।
    - ਸੁਰੱਖਿਆ ਯੋਜਨਾ ਨਿਰਮਾਣ, ਸਥਾਨਾਂਤਰਿਤ ਕਰਨ ਵਿੱਚ ਹਿੱਸਾ ਲੈਣਾ ਜਾਂ ਤੁਹਾਡੀ ਜਾਂ ਤੁਹਾਡੇ ਪਰਿਵਾਰਕ ਸਦੱਸ ਦੀ ਸੁਰੱਖਿਆ ਲਈ ਹੋਰ ਪ੍ਰਕਿਰਿਆਵਾਂ ਕਰਨਾ, ਜਿਹਨਾਂ ਵਿੱਚ ਨਵੇਂ ਸਕੂਲ ਵਿੱਚ ਬੱਚਿਆਂ ਨੂੰ ਦਾਖਲ ਕਰਨਾ ਸ਼ਾਮਿਲ ਹੈ।

ਹੋਰ>

- ○ ਹਿਰਾਸਤ; ਮੁਲਾਕਾਤ; ਵਿਆਹ ਸੰਬੰਧੀ ਮੁੱਦੇ; ਸੁਰੱਖਿਆ ਦੇ ਆਦੇਸ਼; ਪ੍ਰਵਾਸ; ਰਿਹਾਇਸ਼; ਰੁਜ਼ਗਾਰ, ਰਿਹਾਇਸ਼, ਜਾਂ ਖਪਤਕਾਰ ਕ੍ਰੈਡਿਟ ਵਿੱਚ ਭੇਦਭਾਵ ਦੇ ਸੰਬੰਧ ਵਿੱਚ ਜਾਣਕਾਰੀ ਹਾਸਿਲ ਕਰਨ ਲਈ ਕਿਸੇ ਪ੍ਰਤੀਨਿਧੀ ਜਾਂ ਸਮਾਜਿਕ ਸੇਵਾ ਪ੍ਰਦਾਤਾ ਨੂੰ ਮਿਲਣਾ।
- ○ ਕਾਨੂੰਨ ਲਾਗੂ ਕਰਨ ਵਾਲੀ ਸੰਸਥਾ ਕੋਲ ਕਿਸੇ ਘਰੇਲੂ ਘਟਨਾ ਦੀ ਰਿਪੋਰਟ ਦਰਜ ਕਰਵਾਉਣਾ ਜਾਂ ਕਿਸੇ ਜ਼ਿਲ੍ਹਾ ਪ੍ਰਤੀਨਿਧੀ ਦੇ ਦਫਤਰ ਵਿੱਚ ਜਾਣਾ।

### ਪਰਿਵਾਰਕ ਸਦੱਸ:
ਕਾਨੂੰਨ ਹੇਠਾਂ ਦੱਸੇ ਲੋਕਾਂ ਨੂੰ 'ਪਰਿਵਾਰਕ ਸਦੱਸ' ਮੰਨਦਾ ਹੈ

- ਕੋਈ ਵਿਅਕਤੀ ਜਿਸਦਾ ਕਰਮਚਾਰੀ ਨਾਲ ਨਜ਼ਦੀਕੀ ਰਿਸ਼ਤਾ ਹੈ ਪਰਿਵਾਰ ਦੇ ਸਦੱਸ ਬਰਾਬਰ ਹੈ
- ਬੱਚਾ (ਜੈਵਿਕ, ਗੋਦ ਲਿਆ ਗਿਆ, ਜਾਂ ਪਾਲਿਆ ਗਿਆ ਬੱਚਾ; ਕਾਨੂੰਨੀ ਪਰਵਰਿਸ਼; ਮਾਤਾ ਪਿਤਾ ਦੀ ਜਗ੍ਹਾ ਮੌਜੂਦ ਕਿਸੇ ਨੌਕਰ ਦਾ ਬੱਚਾ)
- ਪੋਤਰਾ
- ਪਤੀ ਜਾਂ ਪਤਨੀ
- ਘਰੇਲੂ ਸਾਥੀ
- ਮਾਤਾ-ਪਿਤਾ
- ਦਾਦਾ-ਦਾਦੀ
- ਕਿਸੇ ਕਰਮਚਾਰੀ ਦੇ ਪਤੀ ਜਾਂ ਪਤਨੀ ਜਾਂ ਘਰੇਲੂ ਸਾਥੀ ਦਾ ਬੱਚਾ ਜਾਂ ਮਾਤਾ-ਪਿਤਾ
- ਭੈਣ-ਭਰਾ (ਇੱਕ ਸੌਤੇਲਾ ਜਾਂ ਗੋਦ ਲਿਆ ਭੈਣ ਭਰਾ)
- ਕਰਮਚਾਰੀ ਨਾਲ ਖੂਨ ਦੇ ਰਿਸ਼ਤੇ ਵਾਲਾ ਕੋਈ ਵੀ ਹੋਰ ਵਿਅਕਤੀ

### ਆਗਾਮੀ ਸੂਚਨਾ:
ਜੇਕਰ ਲੋੜ ਦੇਖੀ ਜਾ ਸਕਦੀ ਹੈ ਤਾਂ ਤੁਹਾਡੇ ਮਾਲਿਕ ਨੂੰ ਤੁਹਾਡੇ ਦੁਆਰਾ ਸੁਰੱਖਿਆ ਜਾਂ ਬਿਮਾਰੀ ਸੰਬੰਧੀ ਛੁੱਟੀ ਨੂੰ ਇਸਤੇਮਾਲ ਕਰਨ ਦੀ ਤੁਹਾਡੀ ਇੱਛਾ ਲਈ ਸੱਤ ਦਿਨ ਪਹਿਲਾਂ ਨੋਟਿਸ ਦੇਣ ਦੀ ਲੋੜ ਹੋ ਸਕਦੀ ਹੈ। ਜੇਕਰ ਲੋੜ ਬਾਰੇ ਪਹਿਲਾਂ ਪਤਾ ਨਹੀਂ ਲੱਗਦਾ ਤਾਂ ਤੁਹਾਡੇ ਮਾਲਿਕ ਨੂੰ ਜਿੰਨੀ ਜਲਦੀ ਸੰਭਵ ਹੋ ਸਕੇ ਤੁਹਾਡੇ ਦੁਆਰਾ ਨੋਟਿਸ ਦਿੱਤਾ ਜਾਣਾ ਚਾਹੀਦਾ ਹੈ।

### ਦਸਤਾਵੇਜ਼:
ਤੁਹਾਡੇ ਮਾਲਿਕ ਨੂੰ ਦਸਤਾਵੇਜ਼ਾਂ ਦੀ ਲੋੜ ਹੋ ਸਕਦੀ ਹੈ ਜੇਕਰ ਤੁਸੀਂ ਲਗਾਤਾਰ ਤਿੰਨ ਤੋਂ ਵੱਧ ਦਿਨ ਕੰਮ ਤੋਂ ਸੁਰੱਖਿਆ ਜਾਂ ਬਿਮਾਰੀ ਸੰਬੰਧੀ ਛੁੱਟੀ ਲੈਂਦੇ ਹੋ। ਅਦਾਇਗੀ ਸ਼ੁਦਾ ਸੁਰੱਖਿਆ ਅਤੇ ਬਿਮਾਰੀ ਸੰਬੰਧੀ ਛੁੱਟੀ ਦਾ ਕਾਨੂੰਨ ਮਾਲਿਕ ਨੂੰ ਇਹ ਅਧਿਕਾਰ ਨਹੀਂ ਦਿੰਦਾ ਕਿ ਉਹ ਬਿਮਾਰੀ ਸੰਬੰਧੀ ਛੁੱਟੀ ਦੀ ਸਿਹਤ ਦੇਖਭਾਲ ਪ੍ਰਦਾਤਾ ਤੋਂ ਪੁਸ਼ਟੀ ਕਰੇ ਜਾਂ ਸੁਰੱਖਿਆ ਸੰਬੰਧੀ ਛੁੱਟੀ ਲਈ ਉਸਨੂੰ ਘਰੇਲੂ ਹਿੰਸਾ ਜਾਂ ਅਣਚਾਹੇ ਜਿਨਸੀ ਸੰਪਰਕ, ਗੁੱਸੇ, ਜਾਂ ਮਨੁੱਖੀ ਤਸਕਰੀ ਦੀ ਕਿਸੇ ਗਤੀਵਿਧੀ ਜਾਂ ਖ਼ਤਰੇ ਦੀ ਜਾਣਕਾਰੀ ਦੀ ਪੁਸ਼ਟੀ ਲਈ ਦਸਤਾਵੇਜ਼ ਮੰਗਣ ਦਾ ਅਧਿਕਾਰ ਨਹੀਂ ਹੈ। ਹੋਰ ਕਾਨੂੰਨਾਂ ਦੁਆਰਾ ਖੁਲਾਸੇ ਦੇ ਲੋੜ ਹੋ ਸਕਦੀ ਹੈ।

## ਤੁਹਾਡੇ ਕੋਲ ਸੁਰੱਖਿਆ ਅਤੇ ਬਿਮਾਰੀ ਸੰਬੰਧੀ ਛੁੱਟੀ ਨੂੰ ਇਸਤੇਮਾਲ ਕਰਨ ਲਈ ਤੁਹਾਡੇ ਮਾਲਿਕ ਦੇ ਵਿਰੋਧ ਤੋਂ ਮੁਕਤ ਹੋਣ ਦਾ ਅਧਿਕਾਰ ਹੈ।

ਤੁਹਾਡਾ ਮਲਿਕ ਤੁਹਾਡਾ ਵਿਰੋਧ ਨਹੀਂ ਕਰ ਸਕਦਾ ਜੇਕਰ ਤੁਸੀਂ:

- ਤੁਸੀਂ ਬੇਨਤੀ ਕਰਦੇ ਹੋ ਅਤੇ ਸੁਰੱਖਿਆ ਅਤੇ ਬਿਮਾਰੀ ਸੰਬੰਧੀ ਛੁੱਟੀ ਦਾ ਇਸਤੇਮਾਲ ਕਰਦੇ ਹੋ।
- DCA ਨਾਲ ਕਾਨੂੰਨ ਦੀ ਉਲੰਘਣਾ ਕਰਨ ਲਈ ਤੁਸੀਂ ਸ਼ਿਕਾਇਤ ਕਰਦੇ ਹੋ।
- ਸਾਥੀ ਕਰਮਚਾਰੀ ਸਮੇਤ ਕਿਸੇ ਵਿਅਕਤੀ ਨਾਲ ਕਾਨੂੰਨ ਦੀ ਉਲੰਘਣਾ ਦੀ ਚਰਚਾ ਕਰਦੇ ਹੋ।
- ਕਾਨੂੰਨ ਦੀ ਉਲੰਘਣਾ ਸੰਬੰਧੀ ਕਿਸੇ ਅਦਾਲਤੀ ਕਾਰਵਾਈ ਵਿੱਚ ਹਿੱਸਾ ਲੈਂਦੇ ਹੋ।
- ਕਿਸੇ ਹੋਰ ਵਿਅਕਤੀ ਨੂੰ ਉਸਦੇ ਸੰਭਾਵੀ ਅਧਿਕਾਰਾਂ ਬਾਰੇ ਜਾਣਕਾਰੀ ਦਿੰਦੇ ਹੋ।

ਵਿਰੋਧ ਵਿੱਚ ਸ਼ਾਮਿਲ ਹੈ ਕਾਨੂੰਨ ਅਧੀਨ ਕਿਸੇ ਅਧਿਕਾਰ ਦਾ ਇਸਤੇਮਾਲ ਕਰਨ ਲਈ ਜਾਂ ਅਜਿਹੀ ਕੋਸ਼ਿਸ਼ ਕਰਨ ਲਈ ਧਮਕੀ ਦੇਣਾ, ਅਨੁਸ਼ਾਸਨ, ਰਿਹਾਈ, ਪਦ ਵਿੱਚ ਕਮੀ, ਮੁਅੱਤਲ, ਜਾਂ ਤੁਹਾਡੇ ਕੰਮ ਦੇ ਸਮੇਂ ਵਿੱਚ ਕਮੀ ਜਾਂ ਤੁਹਾਡੇ ਵਿਰੁੱਧ ਕੋਈ ਹੋਰ ਕਾਰਜ ਵਿਰੋਧੀ ਗਤੀਵਿਧੀ ਕਰਨਾ।

## ਤੁਹਾਡੇ ਕੋਲ ਸ਼ਿਕਾਇਤ ਦਰਜ ਕਰਵਾਉਣ ਦਾ ਅਧਿਕਾਰ ਮੌਜੂਦ ਹੈ।

ਤੁਸੀਂ DCA ਕੋਲ ਸ਼ਿਕਾਇਤ ਦਰਜ ਕਰਵਾ ਸਕਦੇ ਹੋ। ਸ਼ਿਕਾਇਤ ਦਾ ਫਾਰਮ ਹਾਸਿਲ ਕਰਨ ਲਈ nyc.gov/PaidSickLeave ਉੱਤੇ ਔਨਲਾਇਨ ਜਾਓ ਜਾਂ 311 (ਐੱਨ.ਵਾਈ.ਸੀ ਤੋਂ ਬਾਹਰ 212- NEW-YORK) ਨੂੰ ਸੰਪਰਕ ਕਰੋ।

DCA ਜਾਂਚ ਕਰੇਗਾ ਅਤੇ ਤੁਹਾਡੀ ਸ਼ਿਕਾਇਤ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰੇਗਾ। DCA ਤੁਹਾਡੀ ਪਹਿਚਾਣ ਨੂੰ ਗੁਪਤ ਰੱਖੇਗਾ ਜਦੋਂ ਤੱਕ ਜਾਂਚ ਕਰਨ ਲਈ, ਸ਼ਿਕਾਇਤ ਨੂੰ ਦੂਰ ਕਰਨ ਲਈ, ਜਾਂ ਕਾਨੂੰਨ ਦੁਆਰਾ ਲੋੜ ਅਨੁਸਾਰ ਅਜਿਹਾ ਕਰਨ ਦੀ ਲੋੜ ਨਾ ਹੋਵੇ।

**ਇਸ ਨੋਟਿਸ ਦੀ ਅਤੇ ਦਸਤਾਵੇਜ਼ ਦੀ ਇੱਕ ਨਕਲ ਆਪਣੇ ਕੋਲ ਰੱਖੋ ਜੋ ਸੁਰੱਖਿਆ ਅਤੇ ਬਿਮਾਰੀ ਸੰਬੰਧੀ ਛੁੱਟੀ ਦੀ ਪ੍ਰਾਪਤੀ ਜਾਂ ਇਸਤੇਮਾਲ ਦੀ ਤੁਹਾਡੀ ਮਾਤਰਾ ਨੂੰ ਦਿਖਾਉਂਦੇ ਹਨ।**

**ਧਿਆਨ ਦਿਓ: ਅਰੰਡ ਸੇਫ ਐਂਡ ਸਿੱਕ ਟਾਈਮ ਐਕਟ ਸੁਰੱਖਿਆ ਅਤੇ ਬਿਮਾਰੀ ਸੰਬੰਧੀ ਛੁੱਟੀ ਲਈ ਘੱਟ ਤੋਂ ਘੱਟ ਸ਼ਰਤਾਂ ਰੱਖਦਾ ਹੈ। ਤੁਹਾਡੇ ਮਾਲਿਕ ਦੀਆਂ ਛੁੱਟੀ ਸੰਬੰਧੀ ਨੀਤੀਆਂ ਪਹਿਲਾਂ ਤੋਂ ਹੀ ਕਾਨੂੰਨ ਦੀਆਂ ਲੋੜਾਂ ਨੂੰ ਪੂਰਾ ਕਰਦੀਆਂ ਹਨ ਜਾਂ ਇਹਨਾਂ ਤੋਂ ਵੱਧ ਹਨ।**

ਤੁਹਾਡੇ ਕੋਲ ਅੰਗ੍ਰੇਜ਼ੀ ਵਿੱਚ ਇਹ ਸੂਚਨਾ ਹਾਸਿਲ ਕਰਨ ਦਾ ਅਧਿਕਾਰ ਹੈ ਅਤੇ, ਜੇਕਰ DCA ਵੈੱਬਸਾਈਟ ਉੱਤੇ ਉਪਲੱਬਧ ਹੈ ਤਾਂ ਤੁਸੀਂ ਇਸਨੂੰ ਆਪਣੀ ਮੁੱਖ ਭਾਸ਼ਾ ਵਿੱਚ ਵੀ ਹਾਸਿਲ ਕਰ ਸਕਦੇ ਹੋ।

ਵਧੇਰੇ ਪੁੱਛੇ ਜਾਣ ਵਾਲੇ ਸਵਾਲਾਂ ਸਮੇਤ ਵਧੇਰੇ ਜਾਣਕਾਰੀ ਲਈ nyc.gov/PaidSickLeave ਉੱਤੇ ਜਾਓ ਜਾਂ **311** ਉੱਤੇ ਕਾਲ ਕਰੋ ਅਤੇ ਅਦਾਇਗੀ ਸ਼ੁਦਾ ਸੁਰੱਖਿਆ ਅਤੇ ਬਿਮਾਰੀ ਸੰਬੰਧੀ ਛੁੱਟੀ ਬਾਰੇ ਜਾਣਕਾਰੀ ਦੀ ਮੰਗ ਕਰੋ।